# ਹੈ ਕੋਊ ਐਸੋ ਹਮਰਾ ਮੀਤੁ

**ਧਨਾਸਰੀ ਮਹਲਾ ੫ ॥**

ਇਹ ਸ਼ਬਦ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ, ਧਨਾਸਰੀ ਰਾਗ ਵਿਚ, ਉਚਾਰਣ ਕੀਤਾ ਹੋਇਆ ਹੈ ਅਤੇ ਪੰਨਾ ੬੭੪ ਤੇ ਸੁਭਾਇਮਾਨ ਹੈ।

ਇਸ ਸ਼ਬਦ ਵਿਚ ਅਜਿਹੇ ਜਨ ਦੀ ਸੰਗਤਿ ਲਈ ਪ੍ਰਭੂ ਨੂੰ ਅਰਦਾਸ ਕੀਤੀ ਗਈ ਹੈ ਜਿਸ ਦੀ ਸੰਗਤਿ ਕੀਤਿਆਂ ਇਹ ਚੰਚਲ ਮਨ ਸਥਿਰ ਹੋ ਜਾਏ, ਵਿਸ਼ੇ ਵਿਕਾਰਾਂ ਦੀ ਥਾਂ ਸੰਤ ਸੰਗਤਿ ਅਤੇ ਪ੍ਰਭੂ ਦੇ ਨਾਮ ਸਿਮਰਨ, ਸਿਫ਼ਤ ਸਲਾਹ ਵਿਚ ਲਗ ਜਾਏ। ਅਜਿਹੇ ਭਗਤ ਜਨ ਨੂੰ ਮਨ ਸਮੇਤ ਆਪਣਾ ਸਭ ਕੁਝ ਸੌਂਪਣ ਦੀ ਗਲ ਕੀਤੀ ਹੈ।

**ਬੰਧਨ ਤੇ ਛੁਟਕਾਵੈ ਪ੍ਰਭੂ ਮਿਲਾਵੈ ਹਰਿ ਹਰਿ ਨਾਮੁ ਸੁਨਾਵੈ ॥**

**ਅਸਥਿਰੁ ਕਰੇ ਨਿਹਚਲੁ ਇਹੁ ਮਨੂਆ ਬਹੁਰਿ ਨ ਕਤਹੂ ਧਾਵੈ ॥੧॥**

-- ਅਜਿਹਾ ਜਨ ਜੋ ਮੈਨੂੰ ਜਗਤ ਵਿਚ ਵਿਆਪਕ ਮੋਹ ਮਾਇਆ ਦੇ ਬੰਧਨਾਂ ਤੋਂ ਛਡਾ ਕੇ ਪ੍ਰਭੂ ਨਾਲ ਜੋੜ ਦਏ ਅਤੇ 'ਹਰਿ ਹਰਿ', ਭਾਵ, **ਵਾਹਗੁਰੂ ਵਾਹਗੁਰੂ**... ਨਾਮ ਕੰਨੀ ਪਾ ਦਏ, ਭਾਵ, ਜਪਾ ਦਏ।

ਮਹਾਰਾਜ ਦੇ ਬਚਨ ਹਨ ਕਿ ਕਿਤੇ ਕੋਈ ਵਾਹਿਗੁਰੂ ਦਾ ਪਿਆਰਾ ਮੇਰੀ ਹਉਮੈ ਤੋੜ ਦਏ, ਇਸ ਮਿਠੀ ਲਗਣ ਵਾਲੀ ਮਾਇਆ ਦੇ ਮੋਹ ਤੋਂ ਮੇਰੇ ਮਨ ਨੂੰ ਹੋੜ ਲਏ, ਇਨ੍ਹਾਂ ਬੰਧਨਾਂ ਤੋਂ ਮੈਨੂੰ ਅਜ਼ਾਦੀ ਦਿਵਾ ਦਏ। ਅਖੀਰ ਤੇ ਕਿਰਪਾ ਹੋ ਗਈ, ਮੈਨੂੰ ਸਾਧੂ ਸੰਗਤਿ ਤੋਂ ਹਰੀ ਨਾਮ ਦਾ ਖ਼ਜ਼ਾਨਾ ਮਿਲ ਗਿਆ - 'ਹੈ ਕੋਈ ਐਸਾ ਹਉਮੈ ਤੋਰੈ।। ਇਸੁ ਮੀਠੀ ਤੇ ਇਹੁ ਮਨੁ ਹੋਰੈ।।..ਕਹੁ ਨਾਨਕ ਕਿਰਪਾ ਭਈ ਸਾਧ ਸੰਗਤਿ ਨਿਧਿ ਮੋਰੈ।।', ਪੰਨਾ ੨੧੨.

-- ਇਸ ਮਨ ਨੂੰ ਚੰਚਲਤਾ ਤੋਂ ਹਟਾ ਕੇ ਅਡੋਲ ਕਰ ਦਏ ਤਾਂ ਕਿ ਇਹ ਮਾਇਆ ਵਾਲੇ ਵਿਸ਼ੇ ਵਿਕਾਰਾਂ ਵਲ ਨਾ ਭਜੇ।੧।

ਪਾਤਸ਼ਾਹ ਦੇ ਬਚਨ ਹਨ ਕਿ ਮੈਂ ਪ੍ਰਭੂ ਦੇ ਭਗਤ ਜਨ ਤੋਂ ਅਜਿਹੀ ਗੁਰਦੀਖਿਆ ਮੰਗਦਾ ਹਾਂ ਕਿ ਮੈਨੂੰ ਸਦਾ ਤੇਰਾ ਹੀ ਧਿਆਨ ਰਹੇ, ਸਦਾ ਤੇਰੇ ਨਾਮ, ਪ੍ਰੇਮ ਦੇ ਰੰਗ ਵਿਚ ਹੀ ਰੰਗਿਆ ਰਹਾਂ - 'ਐਸੀ ਦੀਖਿਆ ਜਨ ਸਿਉ ਮੰਗਾ।। ਤੁਮ੍ਰੋ ਧਿਆਨੁ ਤੁਮ੍ਾਰੋ ਰੰਗਾ।।', ਪੰਨਾ ੮੨੮.

**ਹੈ ਕੋਊ ਐਸੋ ਹਮਰਾ ਮੀਤੁ ॥**

**ਸਗਲ ਸਮਗ੍ਰੀ ਜੀਉ ਹੀਉ ਦੇਉ ਅਰਪਉ ਅਪਨੋ ਚੀਤੁ ॥੧॥ ਰਹਾਉ ॥**

-- ਕੋਈ ਅਜਿਹਾ ਸਾਡਾ ਮਿਤਰ, ਸਖਾ, ਸੰਤ, ਭਗਤ, ਸਾਧੂ ਹੈ ! ਜੋ ਉਪਰ ਦਸਿਆ, ਸਾਡਾ ਮਨ-ਇਛਤ, ਕੰਮ ਕਰ ਦਏ।

ਕਿਉਂਕਿ ਜੋ ਵਿਸ਼ੇ ਵਿਕਾਰਾਂ ਤੋਂ ਹਟਾ ਕੇ ਪ੍ਰਭੂ ਨਾਲ ਮਿਲਾ ਦਏ, ਉਸ ਤੋਂ ਵਡਾ ਮਿਤਰ ਹੋਰ ਕੌਣ ਹੋ ਸਕਦਾ ਹੈ ! ਪਾਤਸ਼ਾਹ ਦੇ ਬਚਨ ਹਨ ਕਿ ਉਹੀ ਸਾਡਾ ਮੀਤ, ਮਿਤਰ ਹੋ ਸਕਦਾ ਹੈ ਜੋ ਸਾਧੂ ਸੰਗਤਿ ਕਰਦਿਆਂ ਰਾਮ, ਪ੍ਰਭੂ ਦਾ ਨਾਮ ਸਿਮਰਦਾ ਹੈ - 'ਸੋਈ ਸਾਜਨ ਮੀਤੁ ਪਿਆਰਾ।। ਰਾਮ ਨਾਮੁ ਸਾਧ ਸੰਗਿ ਬੀਚਾਰਾ।।', ਪੰਨਾ ੧੦੮. ਉਹੀ ਸਾਜਨ ਹੈ, ਸਖਾ ਹੈ, ਮਿਤਰ ਹੈ ਜੋ ਹਰੀ ਪ੍ਰਭੂ ਦਾ ਨਾਮ ਸਿਮਰਣ ਦੀ ਮਤ ਦਿੰਦਾ ਹੈ। ਅਜਿਹੇ ਮਿਤਰ ਤੋਂ ਬਲਿਹਾਰੇ ਜਾਈਏ ਜੋ 'ਹਰਿ ਹਰਿ..' **ਵਾਹਗੁਰੂ ਵਾਹਗੁਰੂ..** ਨਾਮ ਜਪਦਾ ਜਪਾਉਂਦਾ ਹੈ - 'ਸੋ ਸਾਜਨੁ ਸੋ ਸਖਾ ਮੀਤੁ ਜੋ ਹਰਿ ਕੀ ਮਤਿ ਦੇਇ।। ਨਾਨਕ ਤਿਸੁ ਬਲਿਹਾਰਣੈ ਹਰਿ ਹਰਿ ਨਾਮੁ ਜਪੇਇ।।', ਪੰਨਾ ੨੯੮.

-- ਮੈਂ ਅਜਿਹੇ ਪਰਮ ਮਿਤਰ ਨੂੰ ਆਪਣਾ ਸਭ ਕੁਝ, ਧਨ ਦੌਲਤ ਜਾਇਦਾਦ ਆਦਿ, ਆਪਣੀ ਜਾਨ, ਆਪਣਾ ਮਨ ਦੇ ਦਿਆਂ, ਇਥੋਂ ਤਕ ਕਿ ਆਪਣਾ ਚਿਤ ਵੀ ਉਸ ਦੇ ਹਵਾਲੇ ਕਰ ਦਿਆਂ, ਭਾਵ ਸਰਬੰਸ ਹੀ ਸੌਂਪ ਦਿਆਂ।੧।ਰਹਾਉ।

ਸ੍ਰੀ ਗੁਰੂ ਨਾਨਕ ਸਾਹਿਬ ਦੇ ਬਚਨ ਹਨ ਕਿ ਸੰਤ ਜਨਾਂ ਦੀ ਸੰਗਤ ਵਿਚ ਹੀ ਗੁਰੂ ਵਸਦਾ ਹੈ, ਮਿਲਦਾ ਹੈ। ਇਹ ਮੰਨ ਲਈਏ ਕਿ ਇਹ ਸੰਤ ਜਨਾਂ ਦੀ ਸੰਗਤ ਹੀ ਕਾਮਧੇਨ ਹੈ ਜਿਥੋਂ ਮੁਕਤੀ ਦੀ ਦਾਤ ਪ੍ਰਾਪਤ ਕਰਵਾਉਣ ਵਾਲੇ ਪ੍ਰਭੂ ਦੇ ਨਾਮ ਦੀ ਪ੍ਰਾਪਤੀ ਹੁੰਦੀ ਹੈ। ਅਜਿਹੇ ਸੰਤ ਜਨਾਂ ਦੇ ਚਰਨਾਂ ਦੀ ਖਾਕ ਬਣ ਜਾਈਏ - 'ਭਾਈ ਰੇ ਸੰਤ ਜਨਾ ਕੀ ਰੇਣੁ।। ਸੰਤ ਸਭਾ ਗੁਰੁ ਪਾਈਐ ਮੁਕਤਿ ਪਦਾਰਥੁ ਧੇਣੁ।।', ਪੰਨਾ ੧੮.

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦੇ ਬਚਨ ਹਨ ਕਿ ਕੋਈ ਸਾਜਨ, ਮਿਤਰ ਪਿਆਰਾ, ਮੇਰੇ ਮਨ ਤੋਂ ਮਾਇਆ ਮੋਹ, ਹਉਮੈ ਆਦਿ ਦਾ ਪੜਦਾ ਤੋੜ ਦਏ, ਭਾਵੇਂ ਮੈਂ ਇਸ ਦਾ ਉਪਾਅ ਕਰਦਾ ਹਾਂ ਪਰ ਜੇ ਪ੍ਰਭੂ ਮਿਹਰਵਾਨ ਹੋ ਜਾਏ, ਅਜਿਹਾ ਕੋਈ ਮਿਲਾ ਦਏ ਜੋ ਮੇਰਾ ਇਹ ਕੰਮ ਕਰ ਦਏ, ਉਸ ਤੋਂ ਮੈਂ ਆਪਣੀ

ਜਿੰਦ, ਮਨ ਕੁਰਬਾਨ ਕਰ ਦਿਆਂ, ਸੌਂਪ ਦਿਆਂ - 'ਹੈ ਕੋਈ ਸਾਜਣੁ ਪਰਦਾ ਤੋਰਾ।। ਕਰਉ ਜਤਨ ਜੇ ਹੋਇ ਮਿਹਰਵਾਨਾ।। ਤਾ ਕਉ ਦੇਈ ਜੀਉ ਕੁਰਬਾਨਾ।।', ਪੰਨਾ ੫੬੨. ਹੋਰ ਬਚਨ ਕਰਦੇ ਹਨ ਕਿ ਕੋਈ ਪ੍ਰਭੂ ਦਾ ਜਨ, ਭਗਤ ਹਰੀ ਪ੍ਰਭੂ ਨਾਲ ਜੋੜ ਦਏ, ਮੈਂ ਉਸ ਦੇ ਚਰਨ ਪਰਸਾਂ, ਉਸ ਦੀ ਸਿਫ਼ਤ ਸਲਾਹ ਕਰਾਂ ਅਤੇ ਆਪਣੇ ਪ੍ਰਾਣ ਵੀ ਉਸ ਅਗੇ ਭੇਟਾ ਕਰ ਦਿਆਂ - 'ਕੋਈ ਜਨੁ ਹਰਿ ਸਿਉ ਦੇਵੈ ਜੋਰਿ।। ਚਰਨ ਗਹਉ ਬਕਉ ਸੁਭ ਰਸਨਾ ਦੀਜਹਿ ਪ੍ਰਾਨ ਅਕੋਰਿ।।', ਪੰਨਾ ੭੦੧.

**ਪਰ ਧਨ ਪਰ ਤਨ ਪਰ ਕੀ ਨਿੰਦਾ ਇਨ ਸਿਉ ਪ੍ਰੀਤਿ ਨ ਲਾਗੈ ॥**

**ਸੰਤਹ ਸੰਗੁ ਸੰਤ ਸੰਭਾਖਨੁ ਹਰਿ ਕੀਰਤਨਿ ਮਨੁ ਜਾਗੈ ॥੨॥**

-- ਪ੍ਰਭੂ ਦੇ ਉਸ ਜਨ ਦੀ ਕਿਰਪਾ ਨਾਲ ਪਰਾਏ ਧਨ, ਤਨ ਅਤੇ ਨਿੰਦਾ ਨਾਲ ਮੇਰੀ ਰੁਚੀ ਨਾ ਬਣੇ।

ਸਤਿਗੁਰੂ ਫ਼ੁਰਮਾਣ ਕਰਦੇ ਹਨ ਕਿ ਮੂਰਖ ਮਨ, ਪਰਾਏ ਧਨ, ਪਰਾਏ ਰੂਪ ਤੇ ਪਰਾਈ ਨਿੰਦਾ ਕਰਦਾ ਹੈ, ਹਲਕਾਇਆ ਪਿਆ ਹੈ, ਉਹੀ ਕੁਝ ਖਾਂਦਾ ਹੈ ਜੋ ਨਹੀਂ ਖਾਣਾ ਚਾਹੀਦਾ, ਭੱਖ ਅਭੱਖ ਸਭ ਕੁਝ ਹਲਕਿਆਂ ਵਾਂਙ ਖਾਂਦਾ ਹੈ। ਸਚੇ ਧਰਮ ਵਲ ਨਹੀਂ ਜਾਂਦਾ, ਸਚ ਦੇ ਉਪਦੇਸ਼ ਨੂੰ ਨਹੀਂ ਸੁਣਦਾ। ਉਸ, ਦੀਨਾਂ ਤੇ ਦਇਆ ਕਰਨ ਵਾਲੇ ਮਾਲਕ ਪ੍ਰਭੂ ਨੂੰ ਬੇਨਤੀ ਹੈ ਕਿ ਜਿਨ੍ਹਾਂ ਭਗਤਾਂ ਨੂੰ ਨਾਮ ਦਾ ਆਸਰਾ ਹੁੰਦਾ ਹੈ, ਉਹ ਮਿਲਾ ਦਏ। ਹੇ ਪ੍ਰਭੂ ! ਮੈਂ ਸ਼ਰਣ ਪਿਆ ਹਾਂ, ਲਾਜ ਰਖ ਲੈ, ਮੈਨੂੰ ਆਪਣਾ ਬਣਾ ਲੈ - 'ਪਰ ਧਨ ਪਰ ਤਨ ਪਰ ਤੀ ਨਿੰਦਾ ਅਖਾਧਿ ਖਾਹਿ ਹਰਕਾਇਆ।। ਸਾਚ ਧਰਮ ਸਿਉ ਰੁਚਿ ਨਹੀ ਆਵੈ ਸਤਿ ਸੁਨਤ ਛੋਹਾਇਆ।। ਦੀਨ ਦਇਆਲ ਕ੍ਰਿਪਾਲ ਪ੍ਰਭ ਠਾਕੁਰ ਭਗਤ ਟੇਕ ਹਰਿ ਨਾਇਆ।। ਨਾਨਕ ਆਹਿ ਸਰਣ ਪ੍ਰਭ ਆਇਓ ਰਾਖੁ ਲਾਜ ਅਪਨਾਇਆ।।', ਪੰਨਾ ੪੦੨.

-- ਮੈਂ ਸੰਤ ਜਨ ਦੀ ਸੰਗਤਿ ਕਰਾਂ, ਸਿਰਫ਼ ਸੰਤ ਜਨ ਨਾਲ ਹੀ ਬਚਨ-ਬਿਲਾਸ ਕਰਾਂ ਅਤੇ ਹਰੀ ਪ੍ਰਭੂ ਦਾ ਜਸ ਕਰਨ ਵਿਚ ਮੇਰਾ ਮਨ ਸਦਾ ਜਾਗ੍ਰਿਤ ਰਹੇ।੨।

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਨੇ ਪ੍ਰਭੂ ਤੋਂ ਉਸਦੇ ਭਗਤ ਜਨ ਦੀ ਸੇਵਾ, ਬਚਨ-ਬਿਲਾਸ ਅਤੇ ਉਸ ਦੇ ਨਾਲ ਹੀ ਹਰ ਵਕਤ ਦਾ ਉਠਣਾ ਬੈਠਣਾ

ਮੰਗਿਆ ਹੈ। ਜਨ ਦੇ ਚਰਨਾਂ ਦੀ ਧੂੜ ਮੁਖ ਤੇ ਮਸਤਕ ਤੇ ਲਗਣ ਨਾਲ ਸਾਰੀਆਂ ਆਸਾਂ ਪੂਰਨ ਹੋ ਜਾਂਦੀਆਂ ਹਨ ਅਤੇ ਨਾਮ ਦੀਆਂ ਅਨੇਕਾਂ ਤਰੰਗਾਂ ਉਠ ਪੈਂਦੀਆਂ ਹਨ - 'ਜਨ ਕੀ ਟਹਲ ਸੰਭਾਖਨੁ ਜਨ ਸਿਉ ਊਠਨੁ ਬੈਠਨੁ ਜਨ ਕੈ ਸੰਗਾ।। ਜਨ ਚਰ ਰਜ ਮੁਖਿ ਮਾਥੈ ਲਾਗੀ ਆਸਾ ਪੂਰਨ ਅਨੰਤ ਤਰੰਗਾ।।', ਪੰਨਾ ੮੨੮. ਪਾਤਸ਼ਾਹ ਆਪਣੇ ਮਿਤਰ ਨੂੰ ਪ੍ਰਸ਼ਨ ਕਰਦੇ ਹਨ ਕਿ ਉਹ ਕਿਹੜਾ ਸਥਾਨ ਹੈ ਜਿਥੇ ਸਦਾ 'ਹਰਿ ਹਰਿ...' **ਵਾਹਿਗੁਰੂ ਵਾਹਿਗੁਰੂ...** ਦੀ ਧੁਨੀ ਚਲਦੀ ਹੈ, ਉਤਰ ਮਿਲਦਾ ਹੈ ਕਿ ਗੁਰੂ ਦੀ ਕਿਰਪਾ ਨਾਲ ਸਾਧ ਜਨਾਂ ਦੀ ਸੰਗਤਿ ਪ੍ਰਾਪਤ ਹੁੰਦੀ ਹੈ, ਇਹੀ ਉਹ ਸਥਾਨ ਹੈ ਜਿਥੇ ਸਦਾ ਹਰੀ ਪ੍ਰਭੂ ਦੀ ਸਿਫ਼ਤ ਸਲਾਹ ਹੁੰਦੀ ਹੈ - 'ਸੋ ਅਸਥਾਨੁ ਬਤਾਵਹੁ ਮੀਤਾ।। ਜਾ ਕੈ ਹਰਿ ਹਰਿ ਕੀਰਤਨੁ ਨੀਤਾ।।..ਸਾਧ ਸੰਗਿ ਹਰਿ ਕੀਰਤਨੁ ਗਾਈਐ।। ਇਹੁ ਅਸਥਾਨੁ ਗੁਰੂ ਤੇ ਪਾਈਐ।।', ਪੰਨਾ ੩੮੫.

**ਗੁਣ ਨਿਧਾਨ ਦਇਆਲ ਪੁਰਖ ਪ੍ਰਭ ਸਰਬ ਸੂਖ ਦਇਆਲਾ ॥**

**ਮਾਗੈ ਦਾਨੁ ਨਾਮੁ ਤੇਰੋ ਨਾਨਕੁ ਜਿਉ ਮਾਤਾ ਬਾਲ ਗੁਪਾਲਾ ॥੩॥੧੪॥**

-- ਹੇ ਗੁਣਾਂ ਦੇ ਖ਼ਜ਼ਾਨੇ, ਦਇਆਲੂ, ਸਰਬ-ਵਿਆਪਕ, ਦਇਆ ਅੰਦਰ ਸਭ ਸੁਖਾਂ ਦੇ ਪ੍ਰਦਾਨ ਕਰਣ ਵਾਲੇ ਪ੍ਰਭੂ !

-- ਪੰਜਵੇਂ ਨਾਨਕ ਦੇ ਬਚਨ ਹਨ ਕਿ ਜਿਵੇਂ ਬਚਾ ਆਪਣੀ ਮਾਤਾ ਤੋਂ ਕੁਝ ਵੀ ਪ੍ਰੇਮ-ਤਰਲੇ ਨਾਲ ਮੰਗਦਾ ਹੈ, ਹੇ ਸ੍ਰਿਸ਼ਟੀ ਦੇ ਪਾਲਣਹਾਰ ਪ੍ਰਭੂ ! ਤੇਰਾ ਦਾਸ ਨਾਨਕ ਨਾਮ ਦਾ ਦਾਨ ਮੰਗਦਾ ਹੈ।੩।੧੪।

ਪਾਤਸ਼ਾਹ ਦੇ ਬਚਨ ਹਨ ਕਿ ਸਾਰੇ ਧਰਮ ਗ੍ਰੰਥ ਸੋਧ ਸੋਧ ਕੇ, ਵੀਚਾਰ ਕੇ ਵੇਖ ਲਏ ਹਨ। ਉਹ ਸਾਰੇ ਪੁਕਾਰ ਪੁਕਾਰ ਕੇ ਕਹਿ ਰਹੇ ਹਨ ਕਿ ਹਰੀ ਦੇ ਭਜਨ, ਸਿਮਰਨ ਤੋਂ ਬਿਨਾਂ ਛੁਟਕਾਰਾ ਸੰਭਵ ਹੀ ਨਹੀਂ। ਇਸੇ ਲਈ ਹਾਰ ਕੇ, ਹੇ ਸ੍ਰਿਸ਼ਟੀ ਦੇ ਪਾਲਣਹਾਰੇ, ਗੋਪਾਲ ! ਮੈਂ ਤੇਰਾ ਬਾਲ ਤੇਰੀ ਸ਼ਰਣ ਪਿਆ ਹਾਂ, ਮੇਰੇ ਸ਼ਰਣ ਪਏ ਦੀ ਲਾਜ ਰਖ ਲੈ, ਮੈਨੂੰ ਆਪਣਾ ਨਾਮ ਬਖ਼ਸ਼, ਜਿਸ ਨੂੰ ਜਪ ਕੇ ਮੇਰਾ ਜਨਮ ਮਰਣ ਤੋਂ ਛੁਟਕਾਰਾ ਹੋ ਜਾਏ - 'ਸਸਾ ਸਰਨਿ ਪਰੇ ਅਬ ਹਾਰੇ।। ਸਾਸਤ੍ਰ ਸਿਮ੍ਰਿਤਿ ਬੇਦ ਪੂਕਾਰੇ।। ਸੋਧਤ ਸੋਧਤ ਸੋਧਿ ਬੀਚਾਰਾ।। ਬਿਨੁ ਹਰਿ ਭਜਨੁ ਨਹੀ ਛੁਟਕਾਰਾ।।..ਸਰਨਿ ਪਰੇ ਕੀ ਰਾਖੁ ਦਇਆਲਾ।। ਨਾਨਕ ਤੁਮਰੇ ਬਾਲ ਗੁਪਾਲਾ।।', ਪੰਨਾ ੨੬੦.